CS (Main) Exam.2019



# ਪੰਜਾਬੀ / PUNJABI

## ਪੇਪਰ I / Paper I

## ( ਸਾਹਿਤ ) / ( LITERATURE )

*ਨਿਰਧਾਰਿਤ ਸਮਾਂ : **ਤਿੰਨ** ਘੰਟੇ*
*Time Allowed : **Three** Hours*

*ਕੁੱਲ ਅੰਕ : **250***
*Maximum Marks : **250***

### ਪ੍ਰਸ਼ਨ ਪੱਤਰ ਲਈ ਵਿਸ਼ੇਸ਼ ਹਦਾਇਤਾਂ

***ਕ੍ਰਿਪਾ ਕਰਕੇ ਪ੍ਰਸ਼ਨਾਂ ਦਾ ਉੱਤਰ ਦੇਣ ਤੋਂ ਪਹਿਲਾਂ ਨਿਮਨ ਲਿਖਿਤ ਹਦਾਇਤਾਂ ਨੂੰ ਧਿਆਨ ਨਾਲ ਪੜ੍ਹੋ :***

*ਪ੍ਰਸ਼ਨ ਪੱਤਰ ਵਿੱਚ ਕੁਲ **ਅੱਠ** ਪ੍ਰਸ਼ਨ ਹਨ ਜੋ **ਦੋ ਭਾਗਾਂ** ਵਿਚ ਵੰਡੇ ਹੋਏ ਹਨ ।*

*ਉਮੀਦਵਾਰ ਨੇ ਕੁਲ **ਪੰਜ** ਪ੍ਰਸ਼ਨ ਕਰਨੇ ਹਨ ।*

*ਪ੍ਰਸ਼ਨ ਨੰਬਰ **1** ਅਤੇ **5** ਲਾਜ਼ਮੀ ਹਨ । ਬਾਕੀ ਪ੍ਰਸ਼ਨਾਂ ਵਿਚੋਂ ਕੋਈ **ਤਿੰਨ** ਪ੍ਰਸ਼ਨ ਕਰੋ ਪਰੰਤੂ ਦੋਵੇਂ ਭਾਗਾਂ ਵਿਚੋਂ ਘੱਟੋ ਘੱਟ **ਇੱਕ-ਇੱਕ** ਪ੍ਰਸ਼ਨ ਜ਼ਰੂਰ ਚੁਣੋ ।*

*ਹਰ ਪ੍ਰਸ਼ਨ। ਭਾਗ ਦੇ ਅੰਕ ਉਸ ਦੇ ਨਾਲ ਹੀ ਦਸੇ ਗਏ ਹਨ ।*

*ਪ੍ਰਸ਼ਨਾਂ ਦੇ ਉੱਤਰ **ਪੰਜਾਬੀ ਭਾਸ਼ਾ (ਗੁਰਮੁਖੀ ਲਿਪੀ)** ਵਿਚ ਹੀ ਲਿਖੋ ।*

*ਪ੍ਰਸ਼ਨਾਂ ਦੇ ਉੱਤਰ ਲਈ ਸ਼ਬਦਾਂ ਦੀ ਸੀਮਾਂ ਜਿੱਥੇ ਵੀ ਦਿੱਤੀ ਹੈ, ਉਸ ਦੀ ਜ਼ਰੂਰ ਪਾਲਣਾ ਕਰੋ ।*

*ਪ੍ਰਸ਼ਨਾਂ ਦੇ ਉੱਤਰਾਂ ਦਾ ਮੁਲਾਂਕਣ ਕਰਦੇ ਸਮੇਂ ਉੱਤਰਾਂ ਦੀ ਕ੍ਰਮ ਲੜੀ ਨੂੰ ਸਾਹਮਣੇ ਰੱਖਿਆ ਜਾਵੇਗਾ । ਜਿਸ ਉੱਤਰ ਨੂੰ ਕਟਿਆ ਨਾ ਗਿਆ ਉਸ ਦਾ ਮੁਲਾਂਕਣ ਕਰ ਲਿਆ ਜਾਵੇਗਾ, ਭਾਵੇਂ ਉਹ ਅਧੂਰਾ ਹੀ ਹੋਇਆ ਹੋਵੇ । ਉੱਤਰ ਪੱਤਰੀ ਦਾ ਕੋਈ ਵੀ ਪੰਨਾ ਜਾਂ ਪੰਨੇ ਦਾ ਖਾਲੀ ਹਿਸਾ ਜੇ ਖਾਲੀ ਹੈ ਤਾਂ ਉਸ ਉਤੇ ਕਾਟਾ ਮਾਰਨਾ ਜ਼ਰੂਰੀ ਹੈ ।*

### Question Paper Specific Instructions

***Please read each of the following instructions carefully before attempting questions :***

*There are **EIGHT** questions divided in **TWO SECTIONS**.*

*Candidate has to attempt **FIVE** questions in all.*

*Question nos. **1** and **5** are compulsory and out of the remaining, any **THREE** are to be attempted choosing at least **ONE** question from each section.*

*The number of marks carried by a question / part is indicated against it.*

*Answers must be written in **PUNJABI (Gurumukhi script)**.*

*Word limit in questions, wherever specified, should be adhered to.*

*Attempts of questions shall be counted in sequential order. Unless struck off, attempt of a question shall be counted even if attempted partly. Any page or portion of the page left blank in the Question-cum-Answer Booklet must be clearly struck off.*

## SECTION A

**Q1. ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਉੱਤਰ ਦਿਓ । ਹਰੇਕ ਪ੍ਰਸ਼ਨ ਦਾ ਉੱਤਰ 150 ਸ਼ਬਦਾਂ ਤੱਕ ਹੋਣਾ ਚਾਹੀਦਾ ਹੈ ।** *10×5=50*

(a) ਪੰਜਾਬੀ ਭਾਸ਼ਾ ਦੇ ਨਿਕਾਸ ਸੰਬੰਧੀ ਵਿਭਿੰਨ ਸਿਧਾਂਤਾਂ ਦੀ ਚਰਚਾ ਕਰੋ । *10*

(b) ਪੰਜਾਬੀ ਵਿਚ ਸ਼ਬਦ-ਜੋੜਾਂ ਦੀ ਸਮੱਸਿਆ ਦੇ ਹੱਲ ਨਾ ਹੋਣ ਦੇ ਕਾਰਨ ਲਿਖੋ ਅਤੇ ਇਸ ਸਮੱਸਿਆ ਦਾ ਹੱਲ ਸੁਝਾਓ । *10*

(c) ਭਾਸ਼ਾ ਵਿਚ ਸਮਾਜਿਕ ਦਰਜੇਬੰਦੀ ਅਤੇ ਇਲਾਕਾਈ ਭਿੰਨਤਾਵਾਂ ਕਾਰਨ, ਉਭਰਨ ਵਾਲੇ ਵੱਖਰੇਵਿਆਂ ਸੰਬੰਧੀ ਚਰਚਾ ਕਰੋ । *10*

(d) ਮੱਧਕਾਲੀ ਸਾਹਿਤ ਦੀ ਅਜੋਕੇ ਸਮਿਆਂ ਵਿਚ ਕੀ ਸਾਰਥੱਕਤਾ ਹੈ ? ਸੂਫ਼ੀ-ਕਾਵਿ ਅਤੇ ਕਿੱਸਾ-ਕਾਵਿ ਦੇ ਹਵਾਲੇ ਨਾਲ ਵਿਚਾਰੋ । *10*

(e) ਪੰਜਾਬੀ ਭਾਸ਼ਾ ਲਈ ਕੇਵਲ ਗੁਰਮੁਖੀ ਲਿਪੀ ਦੇ ਢੁਕਵੇਂ ਹੋਣ ਦਾ ਦਲੀਲਯੁਕਤ ਉੱਤਰ ਲਿਖੋ । *10*

**Q2. ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਉੱਤਰ ਲਿਖੋ :**

(a) ਪੰਜਾਬੀ ਰੂਪ-ਵਿਗਿਆਨ ਨੂੰ ਪਰਿਭਾਸ਼ਿਤ ਕਰੋ ਅਤੇ ਇਸ ਦੇ ਅਧਿਐਨ-ਖੇਤਰ ਬਾਰੇ ਚਰਚਾ ਕਰਦਿਆਂ ਹੋਇਆਂ ਰੂਪੀਮ (ਮਾਰਫ਼ੀਮ) ਦੀ ਪ੍ਰਕਾਰ ਵੰਡ ਦੀ ਉਦਾਹਰਣਾਂ ਸਹਿਤ ਵਿਆਖਿਆ ਕਰੋ । *20*

(b) ਪੰਜਾਬੀ ਦੀਆਂ ਮਾਝੀ, ਦੁਆਬੀ ਅਤੇ ਮਲਵਈ ਉਪ-ਭਾਸ਼ਾਵਾਂ ਵਿਚਲੇ ਅੰਤਰ ਅਤੇ ਅੰਤਰ-ਸੰਬੰਧਾਂ ਬਾਰੇ ਸੰਖੇਪ ਉਲੇਖ ਕਰੋ । *15*

(c) ਸੂਫ਼ੀ, ਕਿੱਸਾ ਤੇ ਵਾਰ ਕਾਵਿ ਦੇ ਸਾਹਿਤਕ ਲੱਛਣਾਂ ਅਤੇ ਰੂਪਕ ਵਿਸ਼ੇਸ਼ਤਾਵਾਂ ਦਾ ਲੇਖਾ-ਜੋਖਾ ਪ੍ਰਸਤੁਤ ਕਰੋ । *15*

**Q3. ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਉੱਤਰ ਲਿਖੋ :**

(a) ਪੰਜਾਬੀ ਭਾਸ਼ਾ ਦੇ ਭਵਿਖ ਸੰਬੰਧੀ, ਕਿਨ੍ਹਾਂ ਕਾਰਨਾਂ ਕਰਕੇ ਚਿੰਤਾ ਪ੍ਰਗਟਾਈ ਜਾ ਰਹੀ ਹੈ ? ਇਸ ਸੰਬੰਧ ਵਿਚ ਕਿਹੜੇ ਠੋਸ ਉਪਰਾਲਿਆਂ ਦੀ ਲੋੜ ਹੈ ? ਵਿਸਥਾਰ ਸਹਿਤ ਚਰਚਾ ਕਰੋ । *20*

(b) ਜਨਮਸਾਖੀ ਸਾਹਿਤ ਵਿਚ ਅਚੇਤ ਹੀ ਗੁਰੂ ਨਾਨਕ ਦੇਵ ਜੀ ਦੀ ਮਿੱਥ ਉਸਾਰਨ ਦਾ ਕਿਵੇਂ ਯਤਨ ਕੀਤਾ ਗਿਆ ਹੈ ? ਤਰਕਸੰਗਤ ਉੱਤਰ ਲਿਖੋ । *15*

(c) ਵਾਕ ਵਿਉਂਤ ਤੋਂ ਕੀ ਭਾਵ ਹੈ ? ਪੰਜਾਬੀ ਭਾਸ਼ਾ ਦੇ ਵਾਕਾਂ ਵਿੱਚ ਤਰਤੀਬ ਦੇ ਨੇਮਾਂ ਬਾਰੇ ਸਥਿਤੀ ਸਪਸ਼ਟ ਕਰੋ । *15*

**Q4. ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਉੱਤਰ ਲਿਖੋ :**

(a) ਪੰਜਾਬੀ ਧੁਨੀ-ਵਿਉਂਤ ਉੱਤੇ ਵਿਚਾਰ ਕਰਦੇ ਹੋਏ ਪੰਜਾਬੀ ਧੁਨੀਆਂ ਦਾ ਵਰਗੀਕਰਣ ਕਰੋ । *20*

(b) ਮਾਝੀ ਅਤੇ ਮਲਵਈ ਭਾਸ਼ਾਵਾਂ ਦਾ ਖੇਤਰ ਦੱਸਦੇ ਹੋਏ ਪ੍ਰਮੁੱਖ ਵਿਸ਼ੇਸ਼ਤਾਈਆਂ ਬਾਰੇ ਵਿਚਾਰ ਕਰੋ । 'ਕੀ ਇਹ ਅਭੇਦ ਹੋ ਰਹੀਆਂ ਹਨ' ਆਪਣਾ ਵਿਚਾਰ ਪ੍ਰਗਟ ਕਰੋ । *15*

(c) ਪੰਜਾਬੀ ਸਾਹਿਤ ਦੇ ਪਿਛੋਕੜ ਵਿੱਚ ਨਾਥ-ਜੋਗੀ ਸਾਹਿਤ ਦੀ ਭੂਮਿਕਾ ਉਤੇ ਵਿਚਾਰ ਕਰੋ । *15*

## SECTION B

**Q5. ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਉੱਤਰ ਦਿਓ । ਹਰੇਕ ਪ੍ਰਸ਼ਨ ਦਾ ਉੱਤਰ 150 ਸ਼ਬਦਾਂ ਤੱਕ ਹੋਣਾ ਚਾਹੀਦਾ ਹੈ ।** *10×5=50*

(a) ਰਹੱਸਵਾਦ ਅਤੇ ਨਵ-ਰਹੱਸਵਾਦ ਵਿਚਲਾ ਅੰਤਰ ਦਸੋ ਅਤੇ ਨਵ-ਰਹੱਸਵਾਦੀ ਕਾਵਿ-ਪ੍ਰਵਿਰਤੀ ਵਿਚ ਪ੍ਰੀਤਮ ਸਿੰਘ ਸਫੀਰ ਅਤੇ ਜਸਵੰਤ ਸਿੰਘ ਨੇਕੀ ਦਾ ਯੋਗਦਾਨ ਦਰਜ ਕਰੋ । *10*

(b) ਲੋਕ-ਸਾਹਿਤ ਤੋਂ ਕੀ ਭਾਵ ਹੈ ? ਸੂਚਨਾ ਤਕਨਾਲੋਜੀ ਦੇ ਦੌਰ ਵਿਚ ਇਸ ਦੀ ਹੋਂਦ ਦਰਪੇਸ਼ ਅਵਸਰਾਂ ਅਤੇ ਚਣੌਤੀਆਂ ਬਾਰੇ ਆਲੋਚਨਾਤਮਕ ਚਰਚਾ ਕਰੋ । *10*

(c) ਪੰਜਾਬੀ ਨਾਟਕ ਅਤੇ ਰੰਗਮੰਚ ਦੇ ਵਿਕਾਸ ਵਿਚ ਬਲਵੰਤ ਗਾਰਗੀ ਅਤੇ ਚਰਨ ਦਾਸ ਸਿੱਧੂ ਵਲੋਂ ਕੀਤੇ ਪ੍ਰਯੋਗਾਂ ਦਾ ਉਲੇਖ ਕਰੋ । *10*

(d) ਪੰਜਾਬੀ ਨਿਬੰਧ ਦੀ ਵਿਕਾਸ-ਰੇਖਾ ਉਲੀਕੋ ਅਤੇ ਤੇਜਾ ਸਿੰਘ ਅਤੇ ਗੁਰਬਖਸ਼ ਸਿੰਘ ਦੀਆਂ ਸ਼ੈਲੀਆਂ ਦਾ ਤੁਲਨਾਤਮਕ ਅਧਿਐਨ ਕਰੋ । *10*

(e) ਕੀ ਪੰਜਾਬੀ ਸਾਹਿਤਕ ਆਲੋਚਨਾ ਆਪਣੀ ਨਿਵੇਕਲੀ ਪਛਾਣ ਉਸਾਰਨ ਵਿਚ ਸਫਲ ਹੋਈ ਹੈ ? ਸੰਤ ਸਿੰਘ ਸੇਖੋਂ ਅਤੇ ਕਿਸ਼ਨ ਸਿੰਘ ਦੇ ਸੰਦਰਭ ਵਿਚ ਚਰਚਾ ਕਰੋ । *10*

**Q6. ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਉੱਤਰ ਲਿਖੋ :**

(a) ਮਹਾਂਕਾਵਿ ਨੂੰ ਪਰਿਭਾਸ਼ਤ ਕਰਦੇ ਹੋਏ ਪੰਜਾਬੀ ਮਹਾਂਕਾਵਿ ਵਿੱਚ ਭਾਵੀ ਵੀਰ ਸਿੰਘ, ਅਵਤਾਰ ਸਿੰਘ ਆਜ਼ਾਦ ਅਤੇ ਪ੍ਰੋ. ਮੋਹਨ ਸਿੰਘ ਦੀ ਦੇਣ ਉੱਤੇ ਵਿਚਾਰ ਕਰੋ । *20*

(b) ਨਵ ਪ੍ਰਗਤੀਵਾਦੀ ਕਾਵਿ ਪ੍ਰਵਿਰਤੀ ਨੂੰ ਪ੍ਰਗਤੀਵਾਦੀ ਕਾਵਿ ਪ੍ਰਵਿਰਤੀ ਤੋਂ ਨਿਖੇੜਦੇ ਹੋਏ ਪਾਸ਼, ਜਗਤਾਰ ਅਤੇ ਪਾਤਰ ਦੀ ਕਵਿਤਾ ਦੀ ਸਮਾਲੋਚਨਾ ਕਰੋ । *15*

(c) ਪੰਜਾਬੀ ਨਾਵਲ ਦੀਆਂ ਪ੍ਰਾਪਤੀਆਂ ਅਤੇ ਸੀਮਾਵਾਂ ਵਿਚਾਰਦਿਆਂ, ਗੁਰਦਿਆਲ ਸਿੰਘ ਅਤੇ ਸੁਖਬੀਰ ਦੇ ਨਾਵਲਾਂ ਦੇ ਵਿਸ਼ਾ-ਪੱਖ ਦਾ ਆਲੋਚਨਾਤਮਕ ਮੁਲਾਂਕਣ ਕਰੋ । *15*

**Q7. ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਉੱਤਰ ਲਿਖੋ :**

(a) ਪੰਜਾਬੀ ਭਾਸ਼ਾ ਅਤੇ ਸਾਹਿਤ ਉੱਤੇ ਸੰਸਕ੍ਰਿਤ, ਫਾਰਸੀ ਅਤੇ ਪੱਛਮੀ ਪ੍ਰਭਾਵਾਂ ਦੀ ਸਮੀਖਿਆ ਕਰੋ । *20*

(b) ਪੰਜਾਬੀ ਕਹਾਣੀ ਨੂੰ ਕਿਨ੍ਹਾਂ ਆਧਾਰਾਂ 'ਤੇ ਵਿਸ਼ਵ-ਕਹਾਣੀ ਦੇ ਸਨਮੁਖ ਰੱਖਣ ਦਾ ਦਾਅਵਾ ਕੀਤਾ ਜਾਂਦਾ ਹੈ ? ਪ੍ਰੇਮ ਪ੍ਰਕਾਸ਼ ਅਤੇ ਵਰਿਆਮ ਸਿੰਘ ਸੰਧੂ ਦੀ ਕਹਾਣੀ ਕਲਾ ਦੇ ਹਵਾਲੇ ਨਾਲ ਚਰਚਾ ਕਰੋ । *15*

(c) ਪ੍ਰਯੋਗਸ਼ੀਲ ਕਾਵਿ ਪ੍ਰਵਿਰਤੀ ਦੇ ਸਿਰਜਕਾਂ ਦੇ ਮਨੋਰਥ ਨੂੰ ਧਿਆਨ ਕਰਦੇ ਹੋਏ ਜਸਬੀਰ ਸਿੰਘ ਆਹਲੂਵਾਲੀਆ, ਰਵਿੰਦਰ ਰਵੀ ਤੇ ਅਜਾਇਬ ਕਮਲ ਦੇ ਪੰਜਾਬੀ ਕਾਵਿ ਦੀ ਇਸ ਦ੍ਰਿਸਟੀ ਤੋਂ ਚਰਚਾ ਕਰੋ । *15*

**Q8. ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਉੱਤਰ ਲਿਖੋ :**

(a) ਲੋਕ ਸਾਹਿਤ ਅਤੇ ਵਸ਼ਿਸ਼ਟ ਸਾਹਿਤ ਦਾ ਅੰਤਰ ਸਥਾਪਤ ਕਰਦੇ ਹੋਏ ਪੰਜਾਬੀ ਲੋਕਗੀਤਾਂ ਦੀ ਵਿਲੱਖਣਤਾ ਦਸੋ ਅਤੇ ਵਰਗੀਕਰਣ ਕਰੋ । *20*

(b) ਕੁਲਵੰਤ ਸਿੰਘ ਵਿਰਕ ਨੇ ਪੰਜਾਬੀ ਕਹਾਣੀ ਨੂੰ ਕਿਸ ਪਖੋਂ, ਨਵਾਂ ਪਰਿਪੇਖ ਪ੍ਰਦਾਨ ਕਰਕੇ, ਇਸ ਦੀ ਸਮਰੱਥਾ ਨੂੰ ਵਧਾਇਆ ਹੈ ? *15*

(c) ਸੋਹਜਵਾਦੀ ਕਾਵਿ ਤੋਂ ਕੀ ਭਾਵ ਹੈ ? ਹਰਿਭਜਨ ਸਿੰਘ ਅਤੇ ਤਾਰਾ ਸਿੰਘ ਦੇ ਹਵਾਲੇ ਨਾਲ ਪਰਖ ਕਰੋ । *15*